**ਰੂਪੇ ਬੀਮਾ ਪ੍ਰੋਗਰਾਮ ਸਰਕੂਲਰ**

**1) ਪਿਛੋਕੜ:**

ਰੂਪੇ ਕਾਰਡ ਸਕੀਮ ਭਾਰਤ ਵਿੱਚ ਇਕ ਸੁਰੱਖਿਅਤ ਮਜਬੂਤ, ਸਧਾਰਨ, ਪਾਰਦਰਸ਼ੀ, ਯੂਜ਼ਰ ਫ੍ਰੈਂਡਲੀ ਅਤੇ ਪੁੱਜਤਯੋਗ ਹੱਲ ਮੁਹੱਈਆ ਕਰਨ ਲਈ ਇੱਕ ਘਰੇਲੂ ਨੈੱਟਵਰਕ ਸੈੱਟ-ਅੱਪ ਹੈ! ਸਾਨੂੰ ਇਹ ਦਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਯੋਗ ਰੂਪੇ ਕਾਰਡਧਾਰਕਾਂ ਨੂੰ ਦੁਰਘਟਨਾ ਵਿਚ ਮੌਤ ਜਾਂ ਸਥਾਈ ਅਯੋਗਤਾ ਦੀ ਸੂਰਤ ਵਿਚ 1 ਲੱਖ ਰੁਪਏ ਦੇ ਬੀਮੇ ਦੀ ਸਹੂਲਤ ਮੁਹਈਆ ਕਰਵਾਈ ਗਈ ਹੈ ! ਇਹ ਸਹੂਲਤ ਮੁਹੱਈਆ ਕਰਨ ਲਈ ਏਨ.ਪੀ.ਸੀ.ਆਈ HDFC ERGO ਜਨਰਲ ਬੀਮਾ ਕੰਪਨੀ (HDFC Ergo) ਦੇ ਨਾਲ ਇੱਕ ਪ੍ਰਬੰਧ ਕੀਤਾ ਗਿਆ ਹੈ! ਇਹ ਬੀਮਾ ਪ੍ਰੋਗਰਾਮ ਅਪ੍ਰੈਲ 01, 2014 ਨੂੰ ਪ੍ਰਭਾਵ ਵਿੱਚ ਆ ਗਿਆ ਹੈ ਅਤੇ ਇਹ ਇਕ ਸਾਲ ਦੀ ਮਿਆਦ ਤੱਕ ਯਾਨਿ ਕਿ 31 ਮਾਰਚ 2015 ਤੱਕ ਲਾਗੂ ਰਹੇਗਾ ! ਇਸ ਬੀਮਾ ਪ੍ਰੋਗਰਾਮ ਦੀ ਮਿਆਦ ਮਿੱਥੇ ਸਮੇਂ ਤੋਂ ਬਾਅਦ ਅੱਗੇ ਵਧਾਓਣ ਲਈ ਸਹਿਭਾਗੀ ਬੈਂਕਾਂ ਦੀ ਸਲਾਹ ਨਾਲ ਸਮੀਖਿਆ ਕੀਤੀ ਜਾਵੇਗੀ ਅਤੇ ਮਿੱਥੇ ਸਮੇਂ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਇਸ ਬਾਰੇ ਸੂਚਨਾ ਦੇ ਦਿੱਤੀ ਜਾਵੇਗੀ! ! ਅਸੀਂ ਇਸ ਬੀਮਾ ਪ੍ਰੋਗਰਾਮ ਦਾ ਵੇਰਵਾ ਹੇਠਾਂ ਦੇ ਰਹੇ ਹਾਂ :

**2) ਨਿਬੰਧਨ ਅਤੇ ਸ਼ਰਤਾਂ**:

1.ਸਾਰੇ ਰੂਪੇ ਕਾਰਡ ਧਾਰਕ ਜਿਹਨਾਂ ਵਿਚ ਪ੍ਰਧਾਨ ਮੰਤ੍ਰੀ ਜਨ-ਧਨ ਯੋਜਨਾ ਕਾਰਡ ਵੀ ਸ਼ਾਮਿਲ ਹਨ, ਇਸਬੀਮਾ ਪ੍ਰੋਗਰਾਮ ਦੇ ਤਹਿਤ ਲਾਭ ਲਈ ਯੋਗ ਹੋਣਗੇ !

2. ਬੀਮੇ ਦਾ ਲਾਭ ਸਿਰਫ ਉਸ ਕਾਰਡਧਾਰਕ ਨੂੰ ਉਪਲੱਬਧ ਹੋ ਸਕੇਗਾ ਜਿਸਨੇ ਘਟਨਾ ਤੋਂ 45 ਦਿਨਾਂ ਪਹਿਲਾਂ ਕਿਸੇ ਵੀ ਚੈਨਲ ਰਾਹੀਂ ਇੰਟਰਾ ਅਤੇ ਇੰਟਰ-ਬੈਂਕ (ATM / MicroATM / POS / ਈ-com) ਰਾਹੀਂ ਵਿੱਤੀ ਜਾਂ ਗੈਰ-ਵਿੱਤੀ ਸਫਲ ਲੈਣ-ਦੇਣ ਘੱਟੋ ਘੱਟ ਇੱਕ ਵਾਰੀ ਕੀਤਾ ਹੋਵੇ !

3. ਰੂਪੇ ਕਾਰਡਧਾਰਕ ਪ੍ਰਤੀ ਕਾਰਡ ਜਾਂ ਪ੍ਰਤੀ ਗਾਹਕ ਕੇਵਲ ਇਕ ਹੀ ਰੂਪੇ ਕਾਰਡ 'ਤੇ ਮੁਆਵਜ਼ਾ ਲੈਣ ਦੇ ਯੋਗ ਹੋਵੇਗਾ ਚਾਹੇ ਉਸ ਕੋਲ ਵੱਖ-ਵੱਖ ਬੈਂਕਾਂ ਵੱਲੋਂ ਜਾਰੀ ਕੀਤੇ ਗਏ ਕਾਰਡ ਹੋਣ ! ਗ੍ਰਾਹਕ ਨੇ ਕਿਸ ਕਾਰਡ ਉਪਰ ਕਲੇਮ ਲੈਣਾ ਹੈ, ਇਹ ਗ੍ਰਾਹਕ ਦੀ ਚੋਣ ਤੇ ਨਿਰਭਰ ਕਰਦਾ ਹੈ !

4. ਨਿਜੀ ਦੁਰਘਟਨਾ ਬੀਮਾ 18 ਸਾਲ ਦੀ ਉਮਰ ਤੋਂ 70 ਸਾਲ ਦੀ ਉਮਰ ਤੱਕ ਦੇ ਰੂਪੇ ਕਾਰਡ ਧਾਰਕਾਂ ਲਈ ਉਪਲਬਧ ਹੋਵੇਗਾ! ਇਥੇ ਇਹ ਗੱਲ ਗੌਰਤਲਬ ਹੈ ਕਿ 18 ਸਾਲ ਦੀ ਉਮਰ ਤੋਂ ਘਟ ਅਤੇ 70 ਸਾਲ ਦੀ ਉਮਰ ਤੋਂ ਵਧ ਹੋਣ ਤੇ ਵਿਅਕਤੀ ਇਸ ਬੀਮੇ ਦਾ ਲਾਭ ਨਹੀ ਲੈ ਸਕਣਗੇ !

5. ਬੀਮੇ ਦਾ ਮੁਆਵਜਾ ਯੋਗ ਲਾਭ ਪਾਤਰੀ ਨੂੰ **ਕਲੇਮ ਪ੍ਰਕਿਰਿਆ** ਅਧੀਨ ਦਿੱਤੇ ਗਏ ਦਸਤਾਵੇਜ ਭੇਜਣ ( submit ) ਤੇ ਹੀ ਦਿੱਤਾ ਜਾਵੇਗਾ !

6. ਲਾਭਪਾਤਰੀ ਦੀ ਬੇਨਤੀ 'ਤੇ ਬੀਮਾ ਦਾਅਵਾ ਦਾਇਰ ਕਰਦੇ ਸਮੇਂ , ਮੈਂਬਰ ਬੈਂਕ ਨੂੰ ਇਹ ਯਕੀਨੀ ਬਨਾਓਣਾ ਹੋਵੇਗਾ ਕਿ ਬਿਨੈਕਾਰ ਦੇਸ਼ ਦੇ ਕਾਨੂੰਨ ਅਨੁਸਾਰ ਇੱਕ bonafide ਲਾਭਪਾਤਰੀ ਹੈ !

7. ਮੇਂਬਰ ਬੈਂਕ ਆਪਣੇ ਕਾਰਡਧਾਰਕਾਂ ਨੂੰ ਬੀਮਾ ਸਕੀਮ ਦੀਆਂ ਮਹੱਤਵਪੂਰਨ ਨਿਯਮਾਂ, ਸ਼ਰਤਾਂ ਅਤੇ ਦਾਅਵੇ ਦੀ **ਪ੍ਰਕਿਰਿਆ** ਅਤੇ ਸੂਚਨਾ ਦੇਣ ਲਈ ਜ਼ਿੰਮੇਵਾਰ ਹੋਣਗੇ !

8. ਸਾਰੇ ਮੇਂਬਰ ਬੈਂਕ ਆਪਣੇ ਬੈਂਕ ਦੀ ਵੈੱਬਸਾਈਟ , ਕਾਲ ਸੈਂਟਰ ਅਤੇ ਸ਼ਾਖਾਵਾਂ ਰਾਹੀਂ ਬੀਮਾ ਸਕੀਮ ਸੰਬਧੀ ਮਹਤਵਪੂਰਨ ਜਾਣਕਾਰੀ ਦੇਣਗੇ ! ਇਸੇ ਤਰ੍ਹਾਂ ਮੈਂਬਰ ਬੈਂਕ ਰਿਜਰਵ ਬੈਂਕ ਦੁਆਰਾ ਨਿਰਧਾਰਿਤ ਨਿਯਮਾਂ ਅਨੁਸਾਰ ਬੀਮਾ ਸਕੀਮ ਸੰਬ੍ਧੀ ਜਾਨਕਾਰੀ ਅਤੇ ਵੇਲਕਮ ਕਿਟ ਦੀਆਂ ਮਹਤਵਪੂਰਨ ਸ਼ਰਤਾਂ ਯੁਸੇਜ ਗਾਈਡ ਅਤੇ ਪ੍ਰਚਾਰ ਸਮਗਰੀ ਵਿਚ ਸ਼ਾਮਿਲ ਕਰਨਗੇ !

## 3) ਕਲੇਮ ਪ੍ਰਕਿਰਿਆ

1. ਬੀਮਾ ਪਾਲਿਸੀ ਕਲੇਮ , ਮੇਂਬਰ ਬੈਂਕ ਦੁਆਰਾ ਹੀ ਪੇਸ਼ ਕੀਤਾ ਜਾਵੇਗਾ ! NPCI ਨੇ ਵਿਸ਼ੇਸ਼ ਤੌਰ ਤੇ ਰੂਪੇ ਕਾਰਡ ਉੱਪਰ ਇਹ ਇੰਤਜ਼ਾਮ ਕੀਤਾ ਹੈ ਕਿ ਮੇਂਬਰ ਬੈਂਕ ਦਾਅਵੇ ਦੀ ਪ੍ਰਕਿਰਿਆ ਦੇ ਅਨੁਸਾਰ ਐਚ.ਡੀ.ਐਫ.ਸੀ. Ergo ਨਾਲ ਸਿੱਧਾ ਦਾਅਵੇ ਨੂੰ ਰਜਿਸਟਰ ਕਰਨਗੇ ! ਦਾਅਵੇ ਦੀ ਪ੍ਰਕਿਰਿਆ ਇਸ ਦਸਤਾਵੇਜਾ ਦੇ ਨਾਲ ਨੱਥੀ ਹੈ !

2. ਮੇਂਬਰ ਬੈਂਕ ਸਾਰੇ ਸੰਬਧਿਤ ਅਤੇ ਰੂਪੇ ਕਾਰਡਧਾਰਕ ਨੂੰ ਜਾਨਕਾਰੀ ਦਿੰਦੇ ਸਮੇਂ ਨੱਥੀ ਦਸਤਾਵੇਜ਼ ਜਿਸ ਵਿਚ ਕਲੇਮ, ਸਵਾਲ, ਕਲੇਮ ਫ਼ਾਰਮ ਅਤੇ ਨੀਤੀ ਸ਼ਬਦਾਵਲੀ ਸ਼ਾਮਿਲ ਹੈ, ਦਾ ਹਵਾਲਾ ਲੈਣਗੇ !

3. ਕਲੇਮ ਦੀ ਸੂਚਨਾ ਨੁਕਸਾਨ ਦੀ ਮਿਤੀ ਦੇ ਤੀਹ (30) ਦਿਨ ਦੇ ਅੰਦਰ-ਅੰਦਰ ਦੇਣੀ ਹੋਵੇਗੀ! ਜੇਕਰ ਕੋਈ ਵਿਅਕਤੀ ਹਸਪਤਾਲ ਦਾਖ਼ਲ ਹੈ, ਜਿਸਦੀ ਹਾਲਤ ਨਾਜ਼ੁਕ ਹੈ,ਅਤੇ ਦੁਰਘਟਨਾ/ ਨੁਕਸਾਨ ਦੇ 30 ਦਿਨਾਂ ਦੇ ਅੰਦਰ ਦਾਅਵਾ ਦਾਇਰ ਕਰਨ ਲਈ ਅਸਮਰੱਥ ਹੈ ! ਇਸ ਤਰ੍ਹਾਂ ਦੇ ਮਾਮਲੇ ਵਿਚ ਵੀ HDFC Ergo ਵੱਲੋਂ ਕੇਸ ਡੀਲ (honour ) ਕੀਤਾ ਜਾਵੇਗਾ ਜੇਕਰ ਨੁਕਸਾਨ ਹੋਣ ਦੀ ਤਾਰੀਖ ਨੂੰ ਮਾਮਲਾ ਨਿਰਧਾਰਿਤ ਸ਼ਰਤਾਂ ਨੂੰ ਪੂਰਾ ਕਰਦਾ ਹੈ ! ਇੱਥੇ ਨੁਕਸਾਨ ਹੋਣ ਦੀ ਮਿਤੀ ਦਾ ਅਰ੍ਥ ਹੈ ਓਹ ਮਿੱਤੀ ਜਦੋਂ ਘਟਨਾ ਵਾਪਰੀ !

4.ਪੂਰੇ ਦਸਤਾਵੇਜਾਂ ਦੀ ਪ੍ਰਾਪਤੀ ਅਤੇ HDFC Ergo ਵੱਲੋ ਪਾਤਰਤਾ ਦੇ ਨਿਰਧਾਰਨ ਕਰਨ ਦੇ 10 ਕਾਰਜਕਾਰੀ ਦਿਨਾਂ ਦੇ ਅੰਦਰ ਬੀਮਾ ਰਾਸ਼ੀ ਦਾ ਦਾਅਵਾ ਸੈਟਲ ਕਰ ਲਿਆ ਜਾਵੇਗਾ !

5. npci ਤੋਂ ਕਿਸੇ ਵੀ ਸਹਾਇਤਾ ਲਈ ਮੇਂਬਰ ਬੈਂਕ ਈ-ਮੇਲ ID **rupayinsurance@npci.org.in** 'ਤੇ ਸੰਪਰਕ ਕਰ ਸਕਦੇ ਹੋ !

ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਤੁਸੀਂ ਆਪਣੀਆਂ ਸਾਰੀਆ ਸ਼ਾਖਾਵਾਂ ਵਿਚ ਬੀਮਾ ਪ੍ਰੋਗਰਾਮ ਭੇਜੋ ਅਤੇ ਬੀਮਾ ਪ੍ਰੋਗਰਾਮ ਦੇ ਪੂਰਾ ਵੇਰਵੇ ਨੂੰ ਸਾਰੇ RuPay ਕਾਰਡਧਾਰਕਾਂ ਨੂੰ ਨੋਟ ਕਰਵਾਓ ! ਜੇਕਰ ਤੁਹਾਨੂੰ ਇਸ ਸਬੰਧ ਵਿੱਚ ਹੋਰ ਜਾਨਕਾਰੀ ਦੀ ਲੋੜ ਹੈ ਤਾਂ ਤੁਸੀਂ npci ਦੇ ਰਿਲੇਸ਼ਨਸ਼ਿਪ ਅਧਿਕਾਰੀ ਨਾਲ ਸੰਪਰਕ ਕਰ ਸਕਦੇ ਹੋ !

Enclosures:

| **ਕ੍ਰਮ** | **Annexure** | **ਦਸਤਾਵੇਜ ਦਾ ਨਾਮ** | **ਟਿੱਪਣੀ** |
|---|---|---|---|
| 1. | Annex a | ਕਲੇਮ ਪ੍ਰੋਸੇਸ ( 5 ਪੇਜ ) | ਬੈਂਕਾਂ ਦੇ ਅੰਦਰੂਨੀ ਪ੍ਰਯੋਗ ਅਤੇ ਗ੍ਰਾਹਕ ਏਜੂਕੇਸ਼ਨ ਲਈ |
| 2. | Annex b | ਵਧੇਰੇ ਪੁਛੇ ਜਾਣ ਵਾਲੇ ਪ੍ਰਸ਼ਨ | ਬੈਂਕਾਂ ਦੇ ਅੰਦਰੂਨੀ ਪ੍ਰਯੋਗ ਅਤੇ ਗ੍ਰਾਹਕ ਏਜੂਕੇਸ਼ਨ ਲਈ |
| 3. | Annex c | ਗਰੁਪ ਪਰਸਨਲ ਏਕ੍ਸੀਡੇਂਟ ਇਨਸ਼ੋਰੇਂਸ ਪਾਲਿਸੀ ( 13 ਪੇਜ ) | ਫਾਰਮ |
| 4. | Annex d | ਕਲੇਮ ਫਾਰਮ A&E – ਏਕ੍ਸੀਡੇਂਟ ਮੌਤ | ਫਾਰਮ |
| 5. | Annex e | ਕਲੇਮ ਫਾਰਮ A,D & ਮੇਂਬਰ ਬੈਂਕਾਂ ਵੱਲੋ ਘੋਸ਼ਣਾ ਸਥਾਈ ਅਯੋਗ ਪੱਤਰ ( 3 ਪੇਜ ) | ਮੇਂਬਰ ਬੈਂਕਾਂ ਦੇ ਉਲੇਖ ਲਈ |